# ਭਗਤ ਨਾਮਦੇਵ - ਸਬਦ ੪੮

## ਜਉ ਗੁਰਦੇਉ ਤ ਮਿਲੈ ਮੁਰਾਰਿ ॥

ਰਾਗੁ ਭੈਰਉ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੧੬੬

ਜਉ ਗੁਰਦੇਉ ਤ ਮਿਲੈ ਮੁਰਾਰਿ ॥
ਜਉ ਗੁਰਦੇਉ ਤ ਉਤਰੈ ਪਾਰਿ ॥
ਜਉ ਗੁਰਦੇਉ ਤ ਬੈਕੁੰਠ ਤਰੈ ॥
ਜਉ ਗੁਰਦੇਉ ਤ ਜੀਵਤ ਮਰੈ ॥੧॥
ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥
ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥੧॥ ਰਹਾਉ ॥
ਜਉ ਗੁਰਦੇਉ ਤ ਨਾਮੁ ਦ੍ਰਿੜਾਵੈ ॥
ਜਉ ਗੁਰਦੇਉ ਨ ਦਹ ਦਿਸ ਧਾਵੈ ॥
ਜਉ ਗੁਰਦੇਉ ਪੰਚ ਤੇ ਦੂਰਿ ॥
ਜਉ ਗੁਰਦੇਉ ਨ ਮਰਿਬੋ ਝੂਰਿ ॥੨॥
ਜਉ ਗੁਰਦੇਉ ਤ ਅੰਮ੍ਰਿਤ ਬਾਨੀ ॥
ਜਉ ਗੁਰਦੇਉ ਤ ਅਕਥ ਕਹਾਨੀ ॥
ਜਉ ਗੁਰਦੇਉ ਤ ਅੰਮ੍ਰਿਤ ਦੇਹ ॥
ਜਉ ਗੁਰਦੇਉ ਨਾਮੁ ਜਪਿ ਲੇਹਿ ॥੩॥
ਜਉ ਗੁਰਦੇਉ ਭਵਨ ਤ੍ਰੈ ਸੂਝੈ ॥
ਜਉ ਗੁਰਦੇਉ ਊਚ ਪਦ ਬੂਝੈ ॥
ਜਉ ਗੁਰਦੇਉ ਤ ਸੀਸੁ ਅਕਾਸਿ ॥
ਜਉ ਗੁਰਦੇਉ ਸਦਾ ਸਾਬਾਸਿ ॥੪॥
ਜਉ ਗੁਰਦੇਉ ਸਦਾ ਬੈਰਾਗੀ ॥
ਜਉ ਗੁਰਦੇਉ ਪਰ ਨਿੰਦਾ ਤਿਆਗੀ ॥
ਜਉ ਗੁਰਦੇਉ ਬੁਰਾ ਭਲਾ ਏਕ ॥

ਜਉ ਗੁਰਦੇਉ ਲਿਲਾਟਹਿ ਲੇਖ ॥੫॥
ਜਉ ਗੁਰਦੇਉ ਕੰਧੁ ਨਹੀ ਹਿਰੈ ॥
ਜਉ ਗੁਰਦੇਉ ਦੇਹੁਰਾ ਫਿਰੈ ॥
ਜਉ ਗੁਰਦੇਉ ਤ ਛਾਪਰਿ ਛਾਈ ॥
ਜਉ ਗੁਰਦੇਉ ਸਿਹਜ ਨਿਕਸਾਈ ॥੬॥
ਜਉ ਗੁਰਦੇਉ ਤ ਅਠਸਠਿ ਨਾਇਆ ॥
ਜਉ ਗੁਰਦੇਉ ਤਨਿ ਚਕ੍ਰ ਲਗਾਇਆ ॥
ਜਉ ਗੁਰਦੇਉ ਤ ਦੁਆਦਸ ਸੇਵਾ ॥
ਜਉ ਗੁਰਦੇਉ ਸਭੈ ਬਿਖੁ ਮੇਵਾ ॥੭॥
ਜਉ ਗੁਰਦੇਉ ਤ ਸੰਸਾ ਟੂਟੈ ॥
ਜਉ ਗੁਰਦੇਉ ਤ ਜਮ ਤੇ ਛੂਟੈ ॥
ਜਉ ਗੁਰਦੇਉ ਤ ਭਉਜਲ ਤਰੈ ॥
ਜਉ ਗੁਰਦੇਉ ਤ ਜਨਮਿ ਨ ਮਰੈ ॥੮॥
ਜਉ ਗੁਰਦੇਉ ਅਠਦਸ ਬਿਉਹਾਰ ॥
ਜਉ ਗੁਰਦੇਉ ਅਠਾਰਹ ਭਾਰ ॥
ਬਿਨੁ ਗੁਰਦੇਉ ਅਵਰ ਨਹੀ ਜਾਈ ॥
ਨਾਮਦੇਉ ਗੁਰ ਕੀ ਸਰਣਾਈ ॥੯॥੧॥੨॥੧੧॥

ਸਾਰ: ਜਦੋਂ ਮਨ ਦੀਆਂ ਖਿੰਡੀਆਂ ਹੋਈਆਂ ਬਿਰਤੀਆਂ ਇਕਾਗਰ ਹੋ ਕੇ ਸਹਿਜਤਾ ਵਿਚ ਟਿਕਣ ਲੱਗਦੀਆਂ ਹਨ, ਤਦੋਂ ਹੀ ਗੁਰਦੇਵ-ਰੂਪ ਬਿਬੇਕ ਦਾ ਅਸਲ ਅਨੁਭਵ ਹੁੰਦਾ ਹੈ। ਅਨੁਭਵਮਈ ਸਾਧਨਾ ਉਹ ਦੁਆਰ ਹੈ ਜਿਸ ਰਾਹੀਂ ਸੱਚ ਵਿਵਹਾਰ ਵਿਚ ਰੁਪਾਂਤ੍ਰਿਤ ਹੋ ਜਾਂਦਾ ਹੈ, ਇਸ ਦਾ ਅਧਾਰ ਕੋਈ ਬਾਹਰੀ ਜਾਂ ਮੰਗਵਾ ਗਿਆਨ ਨਹੀਂ ਹੁੰਦਾ। ਭਾਵੇਂ ਸੰਕਲਪ, ਵਿਸ਼ਵਾਸ ਅਤੇ ਉਪਦੇਸ਼ ਸਾਨੂੰ ਮਾਰਗ ਉਪਰ ਚੱਲਣ ਲਈ ਪ੍ਰੇਰਿਤ ਕਰ ਸਕਦੇ ਹਨ, ਪਰ ਉਹ ਸਿੱਧੇ ਅੰਤਰੀਵੀ ਬੋਧ ਦੀ ਜ਼ਰੂਰਤ ਨੂੰ ਬਦਲ ਨਹੀਂ ਸਕਦੇ। ਅਸਲ ਸੂਝ ਦਾ ਉਦਭਵ ਆਪਣੇ ਅਨੁਭਵਾਂ ਨੂੰ ਵਿਵਹਾਰ ਵਿਚ ਲਿਆ, ਇਨ੍ਹਾਂ ਉਪਰ ਚਿੰਤਨ ਅਤੇ ਪੜਚੋਲ ਰਾਹੀਂ ਹੀ ਸੰਭਵ ਹੁੰਦਾ ਹੈ। ਹਰੇਕ ਅਨੁਭਵ ਭਾਵੇਂ ਸੁਖਦਾਈ ਜਾਂ ਪੀੜਾ ਦਾ ਅਹਿਸਾਸ ਕਰਵਾਏ, ਸਾਡੀ ਜਾਗਰੁਕਤਾ

ਨੂੰ ਤ੍ਰਾਸ਼ਦਾ ਹੈ, ਸੱਚਾਈ ਦੀਆਂ ਬਹੁ-ਪਰਤਾਂ ਨੂੰ ਖੋਲ੍ਹਦਾ ਹੈ। ਅੰਤਰੀਵੀ ਸੰਸਾਰ ਨੂੰ ਖੋਲ੍ਹਣ ਦਾ ਕੋਈ ਛੁਟੇਰਾ ਰਾਹ ਨਹੀਂ, ਇਸ ਯਾਤਰਾ ਦਾ ਹਰ ਕਦਮ ਆਪਣੇ ਆਪ ਵਿਚ ਮਾਇਨਾ ਰੱਖਦਾ ਹੈ। ਇਸ ਤਰ੍ਹਾਂ ਸਤਿ ਕੋਈ ਸਧਾਰਣ ਰੂਪ ਵਿਚ ਸਵਿਕਾਰਣ ਜਾਂ ਵਿਰਾਸਤ ਵਿਚ ਮਿਲੀ ਵਸਤ ਨਹੀਂ, ਇਹ ਤਾਂ ਖੋਜਣ ਦਾ ਅਜਿਹਾ ਸੁਹਾਵਣਾ ਸਫ਼ਰ ਹੈ, ਜਿਸ ਉਪਰ ਨਿਰੰਤਰ ਚਲਦੇ ਰਹਿਣਾ ਪੈਂਦਾ ਹੈ।

ਜਉ ਗੁਰਦੇਉ ਤ ਮਿਲੈ ਮੁਰਾਰਿ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਦੋਂ ਸੱਚਾਈ ਦੀ ਦ੍ਰਿੜਤਾ ਪ੍ਰਾਪਤ ਹੁੰਦੀ ਹੈ। ਇਸ ਤੋਂ ਭਾਵ ਹੈ ਕਿ ਗੁਰਦੇਉ ਅੰਤਰੀਵੀ ਜਾਗਰੂਕਤਾ ਹੈ ਜੋ ਅਗਿਆਨਤਾ ਨੂੰ ਦੂਰ ਕਰਦੀ ਹੈ, ਅਤੇ ਮੁਰਾਰਿ ਉਹ ਗੁਣਾਂ ਦਾ ਸਮੂਹ ਹੈ ਜੋ ਹਉਮੈ ਉੱਤੇ ਜਿੱਤ ਪ੍ਰਾਪਤ ਕਰਦੇ ਹਨ।

ਜਉ ਗੁਰਦੇਉ ਤ ਉਤਰੈ ਪਾਰਿ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਇਹ ਰੁਪਾਂਤ੍ਰਣ ਦੇ ਦੇਸ਼ ਤੋਂ ਵੀ ਪਾਰ ਜਾਣ ਦੇ ਯੋਗ ਬਣਾ ਦਿੰਦਾ ਹੈ। ਇਹ ਭਾਵ ਗੁਰਦੇਉ ਨੂੰ ਇਕ ਅਜਿਹੀ ਸੂਝ ਵਜੋਂ ਦਰਸਾਉਂਦਾ ਹੈ ਜੋ ਅਸਥਿਰਤਾ ਦੇ ਬਿਖਮ ਸਮੁੰਦਰ ਵਿਚੋਂ ਸਪਸ਼ਟਤਾ ਦੇ ਕੰਢੇ ਤੱਕ ਲੈ ਜਾਣ ਵਿਚ ਮਦਦ ਕਰਦੀ ਹੈ।

ਜਉ ਗੁਰਦੇਉ ਤ ਬੈਕੁੰਠ ਤਰੈ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਇਹ ਅਗਿਆਨਤਾ ਅਤੇ ਦੁੱਖਾਂ ਤੋਂ ਮੁਕਤ ਇਕ ਜਾਗ੍ਰਿਤ ਅਵਸਥਾ ਦਾ ਅਨੁਭਵ ਕਰਵਾਉਂਦਾ ਹੈ। ਇਹ ਭਾਵ ਗੁਰਦੇਉ ਨੂੰ ਇਕ ਅਜਿਹੀ ਸਪਸ਼ਟਤਾ ਵਜੋਂ ਦਰਸਾਉਂਦਾ ਹੈ ਜੋ ਦੁਬਿਧਾਵਾਂ ਤੋਂ ਪਾਰ ਲੰਘਣ ਦਾ ਰਾਹ ਦਿਖਾਉਂਦੀ ਹੈ, ਜਦ ਕਿ ਬੈਕੁੰਠ ਕੋਈ ਦੂਰੇਡੇ ਵੱਸਣ ਵਾਲੀ ਸੁਖਾਂ ਦੀ ਧਰਤੀ ਦੀ ਥਾਂ, ਸ਼ਾਂਤ ਮਨ ਦੀ ਅਵਸਥਾ ਦਾ ਪ੍ਰਤੀਕ ਹੈ।

ਜਉ ਗੁਰਦੇਉ ਤ ਜੀਵਤ ਮਰੈ ॥੧॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਜੀਉਂਦੇ ਜੀਅ ਮਰਨ ਦੀ ਅਵਸਥਾ ਪ੍ਰਾਪਤ ਹੁੰਦੀ ਹੈ। ਇਹ ਭਾਵ ਗੁਰਦੇਉ ਨੂੰ ਅਜਿਹੇ ਤਿਆਗ ਦੇ ਰੂਪ ਵਜੋਂ ਦਰਸਾਉਂਦਾ ਹੈ ਜੋ ਝੂਠੀ ਪਹਿਚਾਣ ਨੂੰ ਕੀਰਤਮਾਨ ਦੇਹੀ ਦੇ ਹੁੰਦਿਆਂ ਹੀ ਖਤਮ ਕਰਨ ਬਾਰੇ ਤੱਤਪਰ ਹੁੰਦਾ ਹੈ। (੧)

ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥

ਸੱਚਾ, ਇਮਾਨਦਾਰ, ਨੇਕ, ਧਰਮੀ ਅਤੇ ਸਦੀਵੀ ਬਿਬੇਕ, ਜੋ ਅੰਦਰ ਪ੍ਰਕਾਸ਼ਿਤ ਹੁੰਦਾ ਹੈ। ਇਹ ਭਾਵ ਗੁਰਦੇਉ ਨੂੰ ਸਦਗੁਣ ਵੱਜੋਂ ਦਰਸਾਉਂਦਾ ਹੈ, ਜੋ ਅੰਦਰ ਵੱਸਦੇ ਮੂਲ ਗੁਣਾਂ ਨੂੰ ਇਕ ਸੱਚੇ ਸਾਥੀ ਦੇ ਰੂਪ ਵੱਜੋਂ ਵੇਖਦਾ ਹੈ।

ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥੧॥ ਰਹਾਉ ॥

ਝੂਠ, ਸਤਹੀਣ, ਗੁੰਮਰਾਹਕੁੰਨ, ਅਤੇ ਅਸਥਾਈ ਹਰ ਤਰ੍ਹਾਂ ਦੇ ਉਦਮ। ਇਹ ਭਾਵ ਇਸ ਗਲਤ ਧਾਰਨਾ ਨੂੰ ਉਜਾਗਰ ਕਰਦਾ ਹੈ ਕਿ ਬਾਹਰੀ ਪਛਾਣਾਂ ਅਤੇ ਅਭਿਆਸਾਂ 'ਤੇ ਨਿਰਭਰਤਾ ਅੰਤਰੀਵੀ ਇਕਸੁਰਤਾ ਦੀ ਥਾਂ ਲੈ ਸਕਦੀ ਹੈ। (੧)(ਠਹਿਰਾਉ)

ਜਉ ਗੁਰਦੇਉ ਤ ਨਾਮੁ ਦ੍ਰਿੜਾਵੈ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਇਹ ਸਥਿਰ ਸਵੈ-ਚਿੰਤਨ ਨੂੰ ਪ੍ਰੇਰਿਤ ਕਰਦਾ ਹੈ। ਇਹ ਭਾਵ ਗੁਰਦੇਉ ਨੂੰ ਇਕ ਚਿੰਤਨਸ਼ੀਲ ਅਵਸਥਾ ਦੇ ਰੂਪ ਵੱਜੋਂ ਦਰਸਾਉਂਦਾ ਹੈ ਜੋ ਸਥਿਰ ਅਤੇ ਅਡੋਲ ਹੁੰਦੀ ਹੈ।

ਜਉ ਗੁਰਦੇਉ ਨ ਦਹ ਦਿਸ ਧਾਵੈ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਮਨ ਦਸ ਦਿਸ਼ਾਵਾਂ ਵਿਚ ਨਹੀਂ ਭਟਕਦਾ। ਇਹ ਭਾਵ ਗੁਰਦੇਉ ਨੂੰ ਸਹਿਜ ਰੂਪ ਵਜੋਂ ਦਰਸਾਉਂਦਾ ਹੈ ਜੋ ਦਿਸ਼ਾਹੀਨ ਅਤੇ ਭਟਕਣਾਵਾਂ ਵਿਚ ਫਸੇ ਅਸ਼ਾਂਤ ਮਨ ਸ਼ਾਂਤ ਕਰਦਾ ਹੈ।

ਜਉ ਗੁਰਦੇਉ ਪੰਚ ਤੇ ਦੂਰਿ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਪੰਜ ਵਿਕਾਰਾਂ ਤੋਂ ਛੁਟਕਾਰਾ ਮਿਲਦਾ ਹੈ। ਇਹ ਗੁਰਦੇਉ ਨੂੰ ਬਿਬੇਕ ਵਜੋਂ ਦਰਸਾਉਂਦਾ ਹੈ ਜੋ ਬੇਰੋਕ ਇੱਛਾਵਾਂ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਤੋਂ ਬਚਾਵ ਲਈ ਇਕ ਢਾਲ ਵਜੋਂ ਕਾਰਜ਼ ਕਰਦਾ ਹੈ।

ਜਉ ਗੁਰਦੇਉ ਨ ਮਰਿਬੋ ਝੂਰਿ ॥੨॥
ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਮੌਤ ਦਾ ਕੋਈ ਦੁੱਖ ਜਾਂ ਪਛਤਾਵਾ ਨਹੀਂ ਹੁੰਦਾ। ਇਹ ਭਾਵ ਗੁਰਦੇਉ ਨੂੰ ਨਿਡਰਤਾ ਵਜੋਂ ਦਰਸਾਉਂਦਾ ਹੈ ਜੋ ਵਿਨਾਸ਼ ਅਤੇ ਕਮੀਆਂ ਨੂੰ ਹਿੰਮਤ ਨਾਲ ਸਵੀਕਾਰ ਕਰਦਾ ਹੈ। (੨)

ਜਉ ਗੁਰਦੇਉ ਤ ਅੰਮ੍ਰਿਤ ਬਾਨੀ ॥
ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਰੂਹਾਨੀ ਪ੍ਰਗਟਾਵੇ ਅੰਮ੍ਰਿਤ ਵਾਂਗ ਹੋ ਜਾਂਦੇ ਹਨ। ਇਹ ਭਾਵ ਗੁਰਦੇਉ ਨੂੰ ਇਕ ਸੰਵਾਦ ਵਜੋਂ ਦਰਸਾਉਂਦਾ ਹੈ ਜੋ ਬੋਲੀ, ਵਿਚਾਰ ਅਤੇ ਕਰਮਾਂ ਨੂੰ ਅਉਖਧੀ ਦੇ ਰੂਪ ਵਜੋਂ ਪ੍ਰਗਟ ਕਰਦੇ ਹਨ।

ਜਉ ਗੁਰਦੇਉ ਤ ਅਕਥ ਕਹਾਨੀ ॥
ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਹੋਂਦ ਦੇ ਅਕੱਥ ਬਿਰਤਾਂਤ ਦਾ ਅਨੁਭਵ ਕੀਤਾ ਜਾਂਦਾ ਹੈ। ਇਸ ਤੋਂ ਭਾਵ ਹੈ ਕਿ ਗੁਰਦੇਉ ਉਹ ਅੰਤਰੀਵੀ ਸੂਝ ਹੈ ਜੋ ਸਰਬ-ਵਿਆਪਕਤਾ ਦੇ ਸਿਧਾਂਤ ਨੂੰ ਜੀਵੰਤ ਅਨੁਭਵ ਵਜੋਂ ਪ੍ਰਗਟ ਕਰਦੀ ਹੈ।

ਜਉ ਗੁਰਦੇਉ ਤ ਅੰਮ੍ਰਿਤ ਦੇਹ ॥
ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਦੇਹ ਨੂੰ ਅਮਰਤਾ ਦੇ ਅੰਮ੍ਰਿਤ ਰੂਪੀ ਕੁੰਡ ਵਜੋਂ ਦੇਖਿਆ ਜਾਂਦਾ ਹੈ। ਇਹ ਭਾਵ ਗੁਰਦੇਉ ਨੂੰ ਇਕ ਭੌਤਿਕ ਰੂਪ ਵਜੋਂ ਦਰਸਾਉਂਦਾ ਹੈ ਜੋ ਜੀਵਨ ਦੇ ਅਨੰਤ ਖੰਡਾਂ ਦਾ ਅਨੁਭਵ ਕਰਨ ਦਾ ਇਕ ਮਾਧਿਅਮ ਬਣ ਜਾਂਦਾ ਹੈ।

ਜਉ ਗੁਰਦੇਉ ਨਾਮੁ ਜਪਿ ਲੇਹਿ ॥੩॥
ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਨਿਰੰਤਰ ਆਤਮ-ਪੜਚੋਲ ਦਾ ਅਭਿਆਸ ਕੀਤਾ ਜਾਂਦਾ ਹੈ। ਇਹ ਭਾਵ ਗੁਰਦੇਉ ਨੂੰ ਚਿੰਤਨ ਪੱਧਤੀ ਵਜੋਂ ਉਤਸ਼ਾਹਿਤ ਕਰਦਾ ਹੈ ਜੋ ਧਿਆਨ ਨੂੰ ਉਤਸ਼ਾਹਿਤ ਕਰਦਾ ਹੋਇਆ ਸਦਭਾਵਨਾ ਨੂੰ ਪਾਲਦਾ ਹੈ। (੩)

ਜਉ ਗੁਰਦੇਉ ਭਵਨ ਤ੍ਰੈ ਸੂਝੈ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਸ੍ਰਿਸ਼ਟੀ ਦੇ ਤਿੰਨਾਂ ਖੰਡਾਂ ਦੇ ਤੱਤਸਾਰ ਦੀ ਸੂਝ ਹੋ ਜਾਂਦੀ ਹੈ। ਇਹ ਗੁਰਦੇਵ ਨੂੰ ਇਕ ਅਜਿਹੇ ਅੰਤਹਕਰਣ ਵਜੋਂ ਦਰਸਾਉਂਦਾ ਹੈ ਜਿਸ ਵਿਚ ਦ੍ਰਿਸ਼ਟੀਕੋਣ ਨੂੰ ਵਿਸ਼ਾਲ ਕਰਨ ਦੀ ਸਮਰੱਥਾ ਹੈ, ਜਿਸ ਵਿਚ ਹੋਂਦ ਦੇ ਹਰ ਪਹਿਲੂ ਨੂੰ ਠੋਸ ਜਾਂ ਅਮੂਰਤ, ਇਕਰਸ ਵਾਪਰਦੀ ਨਿਰੰਤਰਤਾ ਵਜੋਂ ਦੇਖਿਆ ਜਾਂਦਾ ਹੈ।

ਜਉ ਗੁਰਦੇਉ ਊਚ ਪਦ ਬੂਝੈ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਹੋਂਦ ਦੀ ਉੱਚਤਮ ਅਵਸਥਾ ਦਾ ਬੋਧ ਹੋ ਜਾਂਦਾ ਹੈ। ਇਹ ਭਾਵ ਗੁਰਦੇਉ ਨੂੰ ਉਸ ਜਾਗਰੂਕਤਾ ਵਜੋਂ ਦਰਸਾਉਂਦਾ ਹੈ, ਜੋ ਹੋਂਦ ਨੂੰ, ਹਉਮੈ, ਡਰ ਅਤੇ ਮੋਹ ਤੋਂ ਪਾਰ ਇਕਰਸ ਅਤੇ ਅਖੰਡ ਸਰੂਪ ਵਜੋਂ ਪਛਾਣਦਾ ਹੈ।

ਜਉ ਗੁਰਦੇਉ ਤ ਸੀਸੁ ਅਕਾਸਿ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਸਿਰ ਆਕਾਸ਼ ਵੱਲ ਉੱਚਾ ਹੋ ਜਾਂਦਾ ਹੈ। ਇਹ ਭਾਵ ਗੁਰਦੇਉ ਨੂੰ ਉਸ ਅਸੀਮ ਚੇਤਨਾ ਦੇ ਪ੍ਰਤੀਕ ਵੱਜੋਂ ਦਰਸਾਉਂਦਾ ਹੈ, ਜਿਸ ਵਿਚ ਮਨ ਸੰਕੀਰਨ ਪਛਾਣ ਤੋਂ ਉੱਪਰ ਉੱਠ ਕੇ ਸ੍ਰਿਸ਼ਟੀ ਦੀ ਵੰਨ-ਸੁਵੰਨਤਾ ਨੂੰ ਮਾਨਦਾ ਹੈ।

ਜਉ ਗੁਰਦੇਉ ਸਦਾ ਸਾਬਾਸਿ ॥੪॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਸਦੀਵੀ ਸਨਮਾਨ ਦੇ ਯੋਗ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਇਹ ਭਾਵ ਗੁਰਦੇਉ ਨੂੰ ਕ੍ਰਿਤੱਗਤਾ ਦੇ ਸਰੂਪ ਵਜੋਂ ਦਰਸਾਉਂਦਾ ਹੈ, ਜੋ ਜੀਵਨ ਦੇ ਹਰ ਪੱਖ ਵਿਚ ਮਹੱਤਤਾ ਦੀ ਭਾਲ ਕਰਦੀ ਹੈ। (੪)

ਜਉ ਗੁਰਦੇਉ ਸਦਾ ਬੈਰਾਗੀ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਭਰਮਾਂ ਤੋਂ ਨਿਰੰਤਰ ਨਿਰਲੇਪ ਰਹਿਣ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਇਹ ਭਾਵ ਗੁਰਦੇਉ ਨੂੰ ਸੰਤੋਖ ਦੇ ਸਰੂਪ ਵਜੋਂ ਦਰਸਾਉਂਦਾ ਹੈ, ਜੋ ਜੀਵਨ ਦੇ ਹਰ ਪੱਖ ਨੂੰ, ਬੰਧਨ ਮੁਕਤ ਹੋ, ਉਨ੍ਹਾਂ ਨੂੰ ਸਵੀਕਾਰ ਕਰਨ ਦੀ ਸਮਰੱਥਾ ਦਿੰਦਾ ਹੈ।

ਜਉ ਗੁਰਦੇਉ ਪਰ ਨਿੰਦਾ ਤਿਆਗੀ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਦੂਜਿਆਂ ਦੀ ਨਿੰਦਾ ਛੱਡ ਦਿੱਤੀ ਜਾਂਦੀ ਹੈ। ਇਹ ਭਾਵ ਗੁਰਦੇਉ ਨੂੰ ਦਇਆ ਦੇ ਸਰੂਪ ਵਜੋਂ ਪ੍ਰਗਟ ਕਰਦਾ ਹੈ, ਜੋ ਆਪਣੇ ਆਪ ਨੂੰ ਉੱਚਾ ਸਾਬਤ ਕਰਨ ਲਈ ਦੂਜਿਆਂ ਨੂੰ ਨੀਵਾਂ ਦਿਖਾਉਣ ਦੀ ਲੋੜ ਨੂੰ ਖਤਮ ਕਰ ਦਿੰਦੀ ਹੈ।

ਜਉ ਗੁਰਦੇਉ ਬੁਰਾ ਭਲਾ ਏਕ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਅਨੁਕੂਲ ਅਤੇ ਪ੍ਰਤੀਕੂਲ ਇਕੋ ਜਿਹੇ ਪ੍ਰਤੀਤ ਹੁੰਦੇ ਹਨ। ਇਹ ਭਾਵ ਗੁਰਦੇਉ ਨੂੰ ਸਮਦ੍ਰਿਸ਼ਟੀ ਵੱਜੋਂ ਮਾਨਤਾ ਦਿੰਦਾ ਹੈ, ਜੋ ਦਿਖਾਵੇ ਤੋਂ ਪਾਰ ਸਾਨੂੰ ਉਸ ਗੂੜ੍ਹ ਨਿਯਮ ਨਾਲ ਜੋੜਦੀ ਹੈ, ਜੋ ਜੀਵਨ ਦੇ ਹਰ ਪੱਖ ਨੂੰ ਸੰਚਾਲਿਤ ਕਰਦਾ ਹੈ।

ਜਉ ਗੁਰਦੇਉ ਲਿਲਾਟਹਿ ਲੇਖ ॥੫॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਮੱਥੇ ਉੱਤੇ ਭਾਗ ਦਾ ਤਿਲਕ ਲੱਗ ਜਾਂਦਾ ਹੈ। ਇਹ ਭਾਵ ਗੁਰਦੇਉ ਨੂੰ ਸਰਬਕਲਾ ਸੰਪੂਰਨ ਸਤਾ ਵਜੋਂ ਦਰਸਾਉਂਦਾ ਹੈ, ਜਿਸ ਵਿਚ ਆਪਾ ਆਪਣੇ ਕਰਮਾਂ, ਉਨ੍ਹਾਂ ਦੇ ਨਤੀਜਿਆਂ ਅਤੇ ਉਨ੍ਹਾਂ ਤੋਂ ਉਪਜਣ ਵਾਲੇ ਅਨੁਭਵਾਂ ਦੀ ਜ਼ਿੰਮੇਵਾਰੀ ਆਪ ਸਵੀਕਾਰ ਕਰਦਾ ਹੈ। (੫)

ਜਉ ਗੁਰਦੇਉ ਕੰਧੁ ਨਹੀ ਹਿਰੈ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਸਾਡੇ ਅੰਤਹਕਰਣ ਨੂੰ ਦਰਸਾਉਣ ਵਾਲੀ ਕੰਧ ਕਦੇ ਨਹੀਂ ਢਹਿੰਦੀ। ਇਹ ਭਾਵ ਗੁਰਦੇਉ ਨੂੰ ਦਿਆਤਨਤਦਾਰੀ ਦੇ ਸਰੂਪ ਵਜੋਂ ਦਰਸਾਉਂਦਾ ਹੈ, ਜੋ ਲਾਲਚ ਜਾਂ ਔਖੀਆਂ ਪਰਿਸਥਿਤੀਆਂ ਦੇ ਸਾਹਮਣੇ ਵੀ ਸੱਚ ਦਾ ਪੱਖ ਨਹੀਂ ਛੱਡਣ ਦਿੰਦਾ।

ਜਉ ਗੁਰਦੇਉ ਦੇਹੁਰਾ ਫਿਰੈ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਮੰਦਰ ਆਪਣੀ ਦਿਸ਼ਾ ਬਦਲ ਲੈਂਦਾ ਹੈ। ਇਹ ਭਾਵ ਗੁਰਦੇਉ ਨੂੰ ਉਸ ਅੰਤਰੀਵੀ ਰੁਪਾਂਤ੍ਰਣ ਵਜੋਂ ਦਰਸਾਉਂਦਾ ਹੈ, ਜਿਸ ਵਿਚ ਦਿਵਤਾ ਦਾ ਅਨੁਭਵ ਬੁਨਿਆਦੀ ਢਾਂਚਿਆਂ ਅਤੇ ਕਰਮਕਾਂਡੀ ਰਸਮਾਂ ਤੋਂ ਪਾਰ ਸਮੁੱਚੀ ਸ੍ਰਿਸ਼ਟੀ ਦੇ ਹਰ ਪੱਖ ਵਿਚ ਹੁੰਦਾ ਹੈ।

ਜਉ ਗੁਰਦੇਉ ਤ ਛਾਪਰਿ ਛਾਈ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਛੱਪਰ ਵੀ ਛਾਂ ਬਣ ਜਾਂਦਾ ਹੈ। ਇਹ ਭਾਵ ਗੁਰਦੇਉ ਨੂੰ ਪੂਰਨਤਾ ਦੇ ਸਰੂਪ ਵਜੋਂ ਦਰਸਾਉਂਦਾ ਹੈ, ਇਕ ਅਜਿਹੀ ਸ਼ਾਂਤਮਈ ਅਵਸਥਾ ਜਿਥੇ ਮੁੱਢਲੀਆਂ ਲੋੜਾਂ ਵੀ ਕਾਫ਼ੀ ਮਹਿਸੂਸ ਹੁੰਦੀਆਂ ਹਨ।

ਜਉ ਗੁਰਦੇਉ ਸਿਹਜ ਨਿਕਸਾਈ ॥੬॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਸਦਭਾਵਨਾ ਦਾ ਪ੍ਰਗਟਾ ਆਪਣੇ ਆਪ ਬਿਨ੍ਹਾਂ ਕਿਸੇ ਉਦਮ ਹੁੰਦਾ ਹੈ। ਇਹ ਗੁਰਦੇਉ ਨੂੰ ਉਸ ਸ਼ਾਂਤ ਅਵਸਥਾ ਵਜੋਂ ਦਰਸਾਉਂਦਾ ਹੈ, ਜਿਸ ਵਿਚ ਕਰਮ ਅੰਤਰੀਵੀ ਟਕਰਾਅ ਤੋਂ ਬਿਨਾਂ ਅਤੇ ਬਿਬੇਕ ਬਿਨ੍ਹਾਂ ਕਿਸੇ ਜਟਿਲਤਾ ਕਾਰਗਰ ਹੁੰਦਾ ਹੈ। (੬)

ਜਉ ਗੁਰਦੇਉ ਤ ਅਠਸਠਿ ਨਾਇਆ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਇਹ ਅਠਾਹਠ ਤੀਰਥਾਂ ਦੇ ਇਸ਼ਨਾਨ ਕਰਨ ਤੁਲ ਹੋ ਜਾਂਦਾ ਹੈ। ਇਹ ਭਾਵ ਗੁਰਦੇਉ ਨੂੰ ਤੀਰਥ ਵਜੋਂ ਦਰਸਾਉਂਦਾ ਹੈ, ਅੰਤਰੀਵੀ ਪਾਕਜ਼ੀਗੀ ਲਈ ਇਕ ਅੰਦਰੂਨੀ ਤੀਰਥ ਦੇ ਰੂਪ ਵਜੋਂ।

ਜਉ ਗੁਰਦੇਉ ਤਨਿ ਚਕ੍ਰ ਲਗਾਇਆ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਦੋਂ ਦੇਹੀ ਉੱਤੇ ਦਿਵਤਾ ਦੀ ਮੋਹਰ ਲੱਗ ਜਾਂਦੀ ਹੈ। ਇਹ ਭਾਵ ਗੁਰਦੇਉ ਨੂੰ ਦਿਵਤਾ ਦੇ ਸਰੂਪ ਵਜੋਂ ਦਰਸਾਉਂਦਾ ਹੈ, ਜਿਸ ਵਿਚ ਸਾਡੀ ਜੀਵਨ ਸ਼ੈਲੀ ਉਸ ਦੇ ਸਤਿਕਾਰਯੋਗ ਅਤੇ ਸਕਾਰਾਤਮਕ ਕਰਮਾਂ ਦਾ ਬਾਹਰੀ ਪ੍ਰਗਟਾਵਾ ਬਣ ਜਾਂਦੀ ਹੈ।

ਜਉ ਗੁਰਦੇਉ ਤ ਦੁਆਦਸ ਸੇਵਾ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਇਹ ਬਾਰ੍ਹਾਂ ਪ੍ਰਕਾਰ ਦੀ ਸੇਵਾ ਭਗਤੀ ਦੇ ਤੁਲ ਹੁੰਦੀ ਹੈ। ਇਹ ਗੁਰਦੇਉ ਨੂੰ ਪਰਉਪਕਾਰ ਦੇ ਸਰੂਪ ਵਜੋਂ ਦਰਸਾਉਂਦਾ ਹੈ, ਜਿਸ ਵਿਚ ਹਰ ਇੰਦਰੀ ਦੀ ਅਨੁਭੂਤੀ ਅਤੇ ਕਰਮ ਦਇਆ ਅਤੇ ਕਰੁਣਾ ਦਾ ਰੂਪ ਹੋ ਜਾਂਦਾ ਹੈ।

ਜਉ ਗੁਰਦੇਉ ਸਭੈ ਬਿਖੁ ਮੇਵਾ ॥੭॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਜ਼ਹਿਰ ਰੂਪੀ ਹਰ ਆਪਦਾ ਅੰਮ੍ਰਿਤਮਈ ਭੋਜਨ ਦਾ ਰੂਪ ਹੋ ਜਾਂਦੀ ਹੈ। ਇਹ ਭਾਵ ਗੁਰਦੇਉ ਨੂੰ ਸਕਾਰਾਤਮਕ ਕਰਮ ਦੇ ਸਰੂਪ ਵਜੋਂ ਦਰਸਾਉਂਦਾ ਹੈ, ਜੋ ਚੁਣੌਤੀਆਂ ਨੂੰ ਧੀਰਜ ਅਤੇ ਅਡੋਲਤਾ ਵਿਚ ਬਦਲ ਕੇ ਆਤਮਿਕ ਵਿਕਾਸ ਨੂੰ ਬਲ ਬਖ਼ਸ਼ਦਾ ਹੈ। (੭)

ਜਉ ਗੁਰਦੇਉ ਤ ਸੰਸਾ ਟੂਟੈ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਦੁਬਿਧਾ ਦੂਰ ਹੋ ਜਾਂਦੀ ਹੈ। ਇਹ ਗੁਰਦੇਉ ਨੂੰ ਸੁਚੇਤਤਾ ਦੇ ਰੂਪ ਵਜੋਂ ਦਰਸਾਉਂਦਾ ਹੈ, ਜੋ ਹਉਮੈ, ਭਰਮ ਦੀ ਜੜ੍ਹ, ਨੂੰ ਖਤਮ ਕਰਕੇ ਮਨ ਦੀ ਉਲਝਣ ਨੂੰ ਦੂਰ ਕਰ ਦਿੰਦੀ ਹੈ।

ਜਉ ਗੁਰਦੇਉ ਤ ਜਮ ਤੇ ਛੂਟੈ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਵਿਨਾਸ਼ਕਾਰੀ ਵਿਚਾਰ ਦੂਰ ਹੋ ਜਾਂਦੇ ਹਨ। ਇਹ ਗੁਰਦੇਉ ਨੂੰ ਉਸ ਮੁਕਤੀ ਦੇ ਰੂਪ ਵਜੋਂ ਦਰਸਾਉਂਦਾ ਹੈ, ਜੋ ਅਸੁਰੱਖਿਆ ਤੋਂ ਉਪਜਣ ਵਾਲੇ ਨਕਾਰਾਤਮਕ ਇਰਾਦਿਆਂ ਤੋਂ ਛੁਟਕਾਰਾ ਦਿਵਾਉਂਦਾ ਹੈ।

ਜਉ ਗੁਰਦੇਉ ਤ ਭਉਜਲ ਤਰੈ ॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਭਿਆਨਕ ਸਾਗਰ ਨੂੰ ਪਾਰ ਕੀਤਾ ਜਾ ਸਕਦਾ ਹੈ। ਇਹ ਗੁਰਦੇਉ ਨੂੰ ਪਰਾਭੌਤਿਕ ਸਤਾ ਵਜੋਂ ਦਰਸਾਉਂਦਾ ਹੈ, ਜੋ ਸਾਨੂੰ ਭਾਵਨਾਵਾਂ ਦੇ ਵਹਿਣ ਵਿਚ ਡੁੱਬਣ ਦੀ ਬਜਾਇ ਉਨ੍ਹਾਂ ਨੂੰ ਪਾਰ ਕਰਨ ਦੀ ਸਮਰੱਥਾ ਬਖ਼ਸ਼ਦੀ ਹੈ, ਭਾਵੇਂ ਉਹ ਸਕਾਰਾਤਮਕ ਹੋਣ ਜਾਂ ਨਕਾਰਾਤਮਕ।

ਜਉ ਗੁਰਦੇਉ ਤ ਜਨਮਿ ਨ ਮਰੈ ॥੮॥

ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਜਨਮ-ਮਰਨ ਦਾ ਗੇੜ ਮੁਕ ਜਾਂਦਾ ਹੈ। ਇਹ ਭਾਵ ਗੁਰਦੇਉ ਨੂੰ ਨਿਰੰਤਰਤਾ ਦੇ ਰੂਪ ਵਜੋਂ ਦਰਸਾਉਂਦਾ ਹੈ, ਜੋ ਇਹ ਬੋਧ ਕਰਵਾਉਂਦਾ ਹੈ ਕਿ ਰੁਪਾਂਤ੍ਰਣ  ਦੇ ਬਾਵਜੂਦ ਹੋਂਦ

ਆਪਣੇ ਮੂਲ ਤੱਤ ਨੂੰ ਕਾਇਮ ਰੱਖਦੀ ਹੈ; ਇਕ ਅਜਿਹੀ ਸਥਿਰਤਾ, ਜਿਸ ਦਾ ਨਾ ਕੋਈ ਆਰੰਭ ਹੈ ਅਤੇ ਨਾ ਹੀ ਕੋਈ ਅੰਤ। (੮)

ਜਉ ਗੁਰਦੇਉ ਅਠਦਸ ਬਿਉਹਾਰ ॥
ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਇਹ ਸਾਡੇ ਅੰਤਰੀਵੀ ਅਤੇ ਬਾਹਰੀ ਹਰ ਵਾਰਤਾਲਾਪ ਨੂੰ ਸੇਧਿਤ ਕਰਦਾ ਹੈ। ਇਹ ਭਾਵ ਗੁਰਦੇਉ ਨੂੰ ਸੁਚੇਤਤਾ ਦੇ ਰੂਪ ਵਜੋਂ ਪਰਿਭਾਸ਼ਿਤ ਕਰਦਾ ਹੈ, ਜੋ ਇਹ ਯਕੀਨੀ ਬਣਾਉਂਦਾ ਹੈ ਕਿ ਜੀਵਨ ਵਿਚਲੀ ਹਰ ਭਾਗੇਦਾਰੀ ਵਿਸ਼ਵਵਿਆਪੀ ਸਿਧਾਂਤਾਂ ਅਤੇ ਕਦਰਾਂ-ਕੀਮਤਾਂ ਨਾਲ ਗੂੰਜਦੀ ਹੈ।

ਜਉ ਗੁਰਦੇਉ ਅਠਾਰਹ ਭਾਰ ॥
ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਹੋਂਦ ਦੇ ਵਿਸ਼ਾਲ, ਦ੍ਰਿਸ਼ ਅਤੇ ਅਦ੍ਰਿਸ਼ ਪੱਖ ਸਪਸ਼ਟ ਹੋ ਜਾਂਦੇ ਹਨ। ਇਹ ਭਾਵ ਗੁਰਦੇਉ ਨੂੰ ਸੰਪੂਰਨਤਾ ਦੇ ਰੂਪ ਵਜੋਂ ਦਰਸਾਉਂਦਾ ਹੈ, ਜੋ ਸ੍ਰਿਸ਼ਟੀ ਦੇ ਸਮੁੱਚੇ ਵਿਸਤਾਰ ਨਾਲ ਸੁਰਤਾਲ ਅਤੇ ਏਕਤਾ ਸਥਾਪਤ ਕਰਦਾ ਹੈ।

ਬਿਨੁ ਗੁਰਦੇਉ ਅਵਰ ਨਹੀ ਜਾਈ ॥
ਜਦੋਂ ਬਿਬੇਕ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਰਹਿੰਦੀ। ਇਹ ਭਾਵ ਗੁਰਦੇਉ ਨੂੰ ਅਨੁਭਵ-ਆਧਾਰਿਤ ਸਿੱਖਿਆ ਦੇ ਰੂਪ ਵਜੋਂ ਦਰਸਾਉਂਦਾ ਹੈ, ਜੋ ਇਹ ਬੋਧ ਕਰਵਾਉਂਦਾ ਹੈ ਕਿ ਬਿਬੇਕ ਰੂਪੀ ਮਾਰਗ ਇਕੋ ਪਰਮ ਸੱਚ ਵੱਲ ਲੈ ਜਾਂਦਾ ਹੈ।

ਨਾਮਦੇਉ ਗੁਰ ਕੀ ਸਰਣਾਈ ॥੯॥੧॥੨॥੧੧॥
ਨਾਮਦੇਵ ਆਖਦੇ ਹਨ ਕਿ ਉਹ ਉਸ ਬਿਬੇਕ ਦੀ ਸ਼ਰਨ ਵਿਚ ਹਨ, ਜੋ ਅਗਿਆਨ ਤੋਂ ਜਾਗਰੂਕਤਾ ਵੱਲ ਸੇਧਿਤ ਕਰਦਾ ਹੈ। ਗੁਰ ਇਸ ਅਹਿਸਾਸ ਦੀ ਪਰਮ ਸੀਮਾ ਹੈ, ਉਹ ਬਿਬੇਕ ਜੋ ਹਉਮੈ ਨੂੰ ਨਿਮਰਤਾ ਵਿਚ ਬਦਲ ਦਿੰਦੀ ਹੈ। (੯)(੧)(੨)(੧੧)

ਤੱਤ: ਭਗਤ ਨਾਮਦੇਵ ਸਾਨੂੰ ਯਾਦ ਦਿਵਾਉਂਦੇ ਹਨ ਕਿ ਜੀਵਨ ਸੁਭਾਵਿਕ ਤੌਰ 'ਤੇ ਸਕਾਰਤਾਮਕ ਅਤੇ ਨਕਾਰਾਤਮਕ ਭਾਵਨਾਵਾਂ ਦਾ ਮਿਸ਼ਰਣ ਹੁੰਦਾ ਹੈ। ਬਿਬੇਕ ਇਨ੍ਹਾਂ ਭਾਵਨਾਵਾਂ ਨੂੰ ਦਬਾਉਣ ਜਾਂ ਇਨ੍ਹਾਂ ਦੇ ਵੈਹਣ ਵਿਚ ਵਹਿ ਜਾਣ ਵਿਚ ਨਹਿਤ ਨਹੀਂ ਹੁੰਦਾ। ਬਲਕਿ ਅੰਤਰੀਵੀ ਜਾਗਰੂਕਤਾ ਦੇ ਧਾਰਨੀ ਹੁੰਦਿਆਂ ਆਪਣੇ ਵਿਚਾਰਾਂ ਨੂੰ ਪੂਰੀ ਤਰ੍ਹਾਂ ਅਨੁਭਵ ਕਰਨ ਵਿਚ ਵਿਦਮਾਨ ਹੁੰਦਾ ਹੈ, ਇਸ ਖੇਡ ਵਿਚ ਅਸੀਂ ਆਪਣੀ ਭਾਵਨਾਵਾਂ ਨੂੰ ਆਪਣਾ ਆਪ ਪਰਿਭਾਸ਼ਿਤ ਨਹੀਂ ਕਰਨ ਦਿੰਦੇ ਅਤੇ ਨਾ ਹੀ ਆਪਣੇ ਕਰਮਾਂ ਦੀ ਵਾਗਡੋਰ ਉਨ੍ਹਾਂ ਦੇ ਹੱਥ ਵਿਚ ਦਿੰਦੇ ਹਾਂ। ਇਹ ਭਰੋਸਾ ਕਰਦਿਆਂ ਕਿ ਹਰ ਜਜ਼ਬਾਤ ਰੂਪੀ ਲਹਿਰ ਆਪਣੇ ਆਪ ਗੁਜ਼ਰ ਜਾਵੇਗੀ, ਅਸੀਂ ਬਿਖਮ ਸਮੇਂ ਦੌਰਾਨ ਅਡੋਲ ਰਹਿ ਸਕਦੇ ਹਾਂ, ਆਪਣੇ ਦੁੱਖਾਂ ਨੂੰ ਆਪਣੇ ਵਿਗਾਸ ਵਿਚ ਰੁਪਾਂਤ੍ਰਿਤ ਕਰ ਸਕਦੇ ਹਾਂ। ਸਹਿਜਮਈ ਇਸ ਅਵਸਥਾ ਵਿਚ, ਸਾਡੀਆਂ ਭਾਵਨਾਵਾਂ ਮਾਲਕ ਬਣਨ ਦੀ ਥਾਂ ਸਾਡੀਆਂ ਰਾਹਨੁਮਾ ਬਣ ਜਾਂਦੀਆਂ ਹਨ, ਜੋ ਸਾਡੇ ਅੰਦਰ ਦੇ ਗੂੜ੍ਹ ਸੱਚ ਨੂੰ ਪ੍ਰਗਟ ਕਰਦੀਆਂ ਹਨ। ਅੰਤ ਵਿਚ ਅਸੀਂ ਇਹ ਅਨੁਭਵ ਕਰਦੇ ਹਾਂ ਕਿ ਅਸਲ ਤਾਕਤ ਜੀਵਨ ਦੇ ਬਿਖਮ ਹਲਾਤਾਂ ਤੋਂ ਬਚਣ ਵਿਚ ਨਹੀਂ, ਬਲਕਿ ਹਉਮੈ ਦੇ ਤਿਆਗ ਦੀ ਨਿਸ਼ਾਨਦੇਹੀ ਕਰਦਿਆਂ, ਆਪਣੀ ਅੰਤਰੀਵੀ ਸਹਿਜਤਾ ਨੂੰ ਬਰਕਰਾਰ ਰੱਖਣ ਵਿਚ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**